## ਮੁਲਤਾਨੀ ਕੇਸ ਵਿਚ ਚੰਡੀਗੜ੍ਹ ਸੈਕਟਰ 17 ਥਾਣੇ ਦੇ ਸਾਬਕਾ ਐਸ ਐਚ ਓ ਦੇ ਵਿਰੁੱਧ ਗ੍ਰਿਫਤਾਰੀ ਵਾਰੰਟ ਜਾਰੀ



ਐਸ ਏ ਐਸ ਨਗਰ (ਮੁਹਾਲੀ), 20 ਅਕਤੂਬਰ (ਪੋਸਟ ਬਿਊਰੋ)- ਮੁਹਾਲੀ ਦੇ ਵਸਨੀਕ ਅਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇ ਈ) ਬਲਵੰਤ ਸਿੰਘ ਮੁਲਤਾਨੀ ਨੂੰ ਤਿੰਨ ਦਹਾਕੇ ਪਹਿਲਾਂ ਅਗਵਾ ਕਰ ਕੇ ਭੇਤਭਰੀ ਹਾਲਤ ਵਿੱਚ ਲਾਪਤਾ ਕਰਨ ਦੇ ਕੇਸ ਵਿੱਚ ਮੁਹਾਲੀ ਅਦਾਲਤ ਨੇ ਕੱਲ੍ਹ ਚੰਡੀਗੜ੍ਹ ਦੇ ਸੈਕਟਰ 17 ਥਾਣਾ ਦੇ ਉਸ ਵਕਤ ਦੇ ਐਸ ਐਚ ਓ, ਕੇ ਆਈ ਪੀ ਸਿੰਘ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ। ਪੀੜਤ ਪਰਵਾਰ ਸ਼ੁਰੂ ਤੋਂ ਮੰਗ ਕਰਦਾ ਆ ਰਿਹਾ ਸੀ ਕਿ ਜਿਸ ਥਾਣੇ ਵਿੱਚ ਮੁਲਾਤਨੀ ਨੂੰ ਨਾਜਾਇਜ਼ ਹਿਰਾਸਤ ਵਿੱਚ ਰੱਖ ਕੇ ਤਸ਼ੱਦਦ ਢਾਹਿਆ ਗਿਆ, ਉਥੋਂ ਦੇ ਤਤਕਾਲੀ ਐਸ ਐਚ ਓ ਖਿਲਾਫ ਕਾਰਵਾਈ ਕੀਤੀ ਜਾਵੇ। ਇਸ ਕੇਸ ਵਿੱਚ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੇ ਖਿਲਾਫ ਮੁਹਾਲੀ ਦੇ ਮਟੌਰ ਥਾਣੇ ਵਿੱਚ 302, 364 ਸਮੇਤ ਹੋਰਨਾਂ ਸਖਤ ਧਾਰਾਵਾਂ ਦੇ ਕੇਸ ਵਾਸਤੇ ਜਾਰੀ ਗ੍ਰਿਫਤਾਰੀ ਵਾਰੰਟ ਵਾਪਸ ਲੈਣ ਦੇ ਮਾਮਲੇ ਦੀ ਸੁਣਵਾਈ ਅੱਗੇ ਟਲ ਗਈ ਹੈ।

ਕੱਲ੍ਹ ਸੈਣੀ ਨੇ ਆਪਣੇ ਵਕੀਲ ਰਾਹੀਂ ਮੁਹਾਲੀ ਦੀ ਅਦਾਲਤ ਵਿੱਚ ਇੱਕਅਰਜ਼ੀ ਦਾਇਰ ਕਰ ਕੇ ਮੰਗ ਕੀਤੀ ਸੀ ਕਿ ਜਦੋਂ ਸੁਪਰੀਮ ਕੋਰਟ ਨੇ ਉਨਾਂ ਦੀ ਗ੍ਰਿਫਤਾਰੀ ਉੱਤੇ ਰੋਕ ਲਾਈ ਹੋਈ ਹੈ ਤਾਂ ਉਨ੍ਹਾਂ ਖਿਲਾਫ ਕੁਝ ਦਿਨ ਪਹਿਲਾਂ ਜਾਰੀ ਹੋਏ ਗ੍ਰਿਫਤਾਰੀ ਵਾਰੰਟ ਵਾਪਸ ਲਏ ਜਾਣ।ਪੀੜਤ ਪਰਵਾਰ ਦੇ ਵਕੀਲ ਪਰਦੀਪ ਸਿੰਘ ਵਿਰਕ ਨੇ ਅਦਾਲਤ ਵਿੱਚ ਇੱਕ ਅਰਜ਼ੀ ਦਾਇਰ ਕਰ ਕੇ ਮੰਗ ਕੀਤੀ ਕਿ 29 ਸਾਲ ਪਹਿਲਾਂ 11 ਦਸੰਬਰ 1991 ਨੂੰ ਸਾਬਕਾ ਸਿਟਕੋ ਦੇ ਜੇ ਈ ਬਲਵੰਤ ਸਿੰਘ ਮੁਲਤਾਨੀ ਨੂੰ ਇਥੋਂ ਦੇ ਫੇਜ਼-7 ਵਾਲੇ ਘਰੋਂ ਚੁੱਕ ਕੇ ਸੈਕਟਰ 17 ਦੇ ਥਾਣੇ ਦੀਨਾਜਾਇਜ਼ ਹਿਰਾਸਤ ਵਿੱਚ ਰੱਖਿਆ ਗਿਆ ਸੀ, ਜਿੱਥੇ ਉਸ ਉੱਤੇ ਕੀਤੇ ਤਸ਼ੱਦਦ ਕਾਰਨ ਉਸ ਦੀ ਮੌਤ ਹੋ ਗਈ, ਪਰ ਸੰਬੰਧਤ ਥਾਣੇ ਦੇ ਤਤਕਾਲੀ ਐਸ ਐਚ ਓ ਖਿਲਾਫ ਹਾਲੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਜਦੋਂ ਸਾਬਕਾ ਡੀ ਜੀ ਪੀ ਖਿਲਾਫ ਧਾਰਾ 302 ਦੇ ਜੁਰਮ ਦਾ ਵਾਧਾ ਕਰਨ ਸਮੇਂ ਪੀੜਤ ਪਰਵਾਰ ਦੀ ਸ਼ਿਕਾਇਤ ਉੱਤੇ ਤਤਕਾਲੀ ਥਾਣਾ ਮੁਖੀ ਨੂੰ ਵੀ ਨਾਮਜ਼ਦ ਕੀਤਾ ਗਿਆ, ਪਰ ਉਹ ਹਾਲੇ ਤੱਕ ਕਾਨੂੰਨੀ ਕਾਰਵਾਈ ਤੋਂ ਬਚਦਾ ਆ ਰਿਹਾ ਸੀ।

## ਰੇਪ ਦਾ ਕੇਸ ਦਰਜ ਕਰਵਾਉਣ ਦੀ ਧਮਕੀ ਨਾਲ ਗੈਸਟ ਹਾਊਸ ਦੇ ਮਾਲਕ ਤੋਂ ਪੰਜ ਲੱਖ ਮੰਗੇ

* ਬਲੈਕਮੇਲ ਦਾ ਯਤਨ ਕਰਨ ਵਾਲੀ ਲੜਕੀ ਗ੍ਰਿਫਤਾਰ

ਖਰੜ, 20 ਅਕਤੂਬਰ (ਪੋਸਟ ਬਿਊਰੋ)- ਬਲਾਤਕਾਰ ਦਾ ਝੂਠਾ ਕੇਸ ਦਰਜ ਕਰਵਾਉਣ ਦਾ ਡਰ ਦਿਖਾ ਕੇ ਪੈਸੇ ਠੱਗਣ ਵਾਲੇ ਇੱਕ ਗੈਂਗ ਦਾ ਪਰਦਾ ਫਾਸ਼ ਕਰ ਕੇ ਪੁਲਸ ਨੇ ਕੱਲ੍ਹ ਰਾਜਵਿੰਦਰ ਕੌਰ (21) ਨਾਂਅ ਦੀ ਲੜਕੀ ਨੂੰ ਗ੍ਰਿਫਤਾਰ ਕਰ ਕੇ ਅਦਾਲਤ ਤੋਂ ਤਿੰਨ ਦਿਨ ਦੇ ਪੁਲਸ ਰਿਮਾਂਡ ਉੱਤੇ ਲਿਆ ਹੈ।

ਡੀ ਐਸ ਪੀ ਰੁਪਿੰਦਰਦੀਪ ਕੌਰ ਸੋਹੀ ਨੇ ਦੱਸਿਆ ਹੈ ਕਿ ਰਾਜ ਕੁਮਾਰ ਵਾਸੀ ਜਨਤਾ ਕਾਲੋਨੀ ਨਯਾਂਗਾਂਵ ਦੀ ਸ਼ਿਕਾਇਤ ਉੱਤੇ ਰਾਜਵਿੰਦਰ ਕੌਰ ਅਤੇ ਹੋਰਨਾਂ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ ਅਤੇ ਬਾਕੀ ਦੋਸ਼ੀਆਂ ਦੀ ਤਲਾਸ਼ ਜਾਰੀ ਹੈ।ਰਾਜ ਕੁਮਾਰ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਕਿਉਸ ਨੇ ਆਪਣੇ ਦੋਸਤ ਵਰਿੰਦਰ ਕੁਮਾਰ ਨਾਲ ਨਯਾ ਵਿਲੇਜ ਗੈਸਟ ਹਾਊਸ ਦੀ ਰਿਸੈਪਸ਼ਨ ਲਈ ਓ ਐਲ ਐਕਸ ਉੱਤੇ ਇਸ਼ਤਿਹਾਰ ਪਾਇਆ ਤਾਂ ਇਸ ਉੱਤੇ ਰਾਜਵਿੰਦਰ ਕੌਰ ਉਰਫ ਰਾਜ ਵਾਸੀ ਜ਼ਿਲਾ ਫਾਜ਼ਿਲਕਾ ਨੇ ਉਸ ਨਾਲ ਸੰਪਰਕ ਕਰ ਕੇ ਰਿਸੈਪਸ਼ਨਿਸਟ ਬਣਨ ਦੀ ਇੱਛਾ ਜਤਾਈ ਸੀ। ਰਾਜਵਿੰਦਰ ਨੂੰ 21 ਸਤੰਬਰ ਨੂੰ ਰਿਸੈਪਸ਼ਨਿਸਟ ਰੱਖ ਲਿਆ ਗਿਆ। 22 ਸਤੰਬਰ ਨੰ ਉਹ ਆਪਣੇ ਨਾਲ ਊਸ਼ਾ ਰਾਣੀ ਨਾਂਅ ਦੀ ਇੱਕ ਹੋਰ ਲੜਕੀ ਲੈ ਆਈ। ਉਸ ਦੇ ਕਹਿਣ ਉੱਤੇਉਨ੍ਹਾਂ ਨੇ ਉਸ ਨੂੰ ਵੀ ਰਿਸੈਪਸ਼ਨਿਸਟ ਰੱਖ ਲਿਆ। ਤਿੰਨ



ਦਿਨ ਬਾਅਦ ਦੋਵੇਂ ਕੰਮ ਉੱਤੇਨਹੀਂ ਆਈਆਂ। ਪੰਜ ਅਕਤੂਬਰ ਨੂੰ ਊਸ਼ਾ ਰਾਣੀ ਤਿੰਨ ਵਿਅਕਤੀਆਂ ਨਾਲ ਗੈਸਟ ਹਾਊਸ ਵਿੱਚ ਆਈ। ਉਨ੍ਹਾਂਵਿੱਚੋਂ ਇੱਕ ਜਣੇ ਨੇ ਆਪਣੇ ਆਪ ਨੂੰ ਊਸ਼ਾ ਰਾਣੀ ਦਾ ਭਰਾ ਅਤੇ ਦੂਸਰੇ ਨੇ ਖੁਦ ਨੂੰ ਥਾਣਾ ਸਿਟੀ ਖਰੜ ਦਾ ਏ ਐਸ ਆਈ ਅਤੇ ਤੀਸਰੇ ਨੇ ਆਪਣੇ ਆਪ ਨੂੰ ਡੀ ਐਸ ਪੀ ਦੀ ਭਰਾ ਕਿਹਾ, ਪਰ ਤਿੰਨਾਂ ਨੇ ਆਪਣਾ ਨਾਂਅਨਹੀਂ ਦੱਸਿਆ। ਆਪਣੇ ਆਪ ਨੂੰ ਏ ਐਸ ਆਈ ਕਹਿਣ ਵਾਲੇ ਨੇ ਦਫਤਰ ਅੰਦਰੋਂ ਬੰਦ ਕਰ ਕੇ ਸ਼ਿਕਾਇਤਕਰਤਾ ਦੇ ਸਾਥੀ ਤੋਂ ਉਸ ਦਾ ਮੋਬਾਈਲ ਫੋਨ ਲੈ ਲਿਆ ਤੇ ਕਿਹਾ ਉਸ ਨੇ ਊਸ਼ਾ ਰਾਣੀ ਅਤੇ ਰਾਜਵਿੰਦਰ ਕੌਰ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਹਨ। ਇਸ ਦੇ ਬਾਅਦ ਉਹ ਕਹਿਣ ਲੱਗੇ ਕਿ ਉਹ ਦੋਵਾਂ ਦੇ ਖਿਲਾਫ ਰੇਪ ਦਾ ਕੇਸ ਵੀ ਦਰਜ ਕਰਾਉਣਗੇ। ਉਨ੍ਹਾਂ ਨੇ ਡਰਾ-ਧਮਕਾ ਕੇ ਸ਼ਿਕਾਇਤਕਰਤਾ ਤੋਂ ਤੀਹ ਹਜ਼ਾਰ ਰੁਪਏ ਲੈ ਲਏ। ਫਿਰ ਊਸ਼ਾ ਰਾਣੀ ਨੇ ਸ਼ਿਕਾਇਤਕਰਤਾ ਦੇ ਸਾਲੇ ਨੂੰ ਮੋਬਾਈਲ ਉੱਤੇ ਕਿਹਾ ਕਿ 17 ਅਕਤੂਬਰ ਨੂੰ ਖਰੜ ਵਿੱਚ ਮਿਲੇ ਅਤੇ ਪੰਜ ਲੱਖ ਰੁਪਏ ਲੈ ਕੇ ਆਏ,ਨਹੀਂ ਤਾਂ ਉਸ ਦੇ ਖਿਲਾਫ ਰੇਪ ਦਾ ਕੇਸ ਦਰਜ ਕਰਵਾਇਆ ਜਾਏਗਾ। ਉਹ ਕੱਲ੍ਹ ਖਰੜ ਵਿੱਚ ਪੈਸੇ ਦੇਣ ਗਏ ਤਾਂ ਨਿੱਝਰ ਚੌਕ ਦੇ ਨਜ਼ਦੀਕ ਰਾਜਵਿੰਦਰ ਕੌਰ ਮਿਲੀ ਅਤੇ ਉਸ ਨੇ ਪੰਜ ਲੱਖ ਰੁਪਏ ਮੰਗੇ।ਸ਼ਿਕਾਇਤ ਕਰਤਾ ਨੇ ਉਸ ਨੂੰ ਗੱਲਾਂ ਵਿੱਚ ਲਾ ਕੇ ਪੁਲਸ ਨੂੰ ਸੂਚਿਤ ਕਰ ਦਿੱਤਾ। ਪੁਲਸ ਨੇ ਮੌਕੇ ਉੱਤੇ ਰਾਜਵਿੰਦਰ ਕੌਰ ਨੂੰ ਗ੍ਰਿਫਤਾਰ ਕਰ ਲਿਆ। ਉਸ ਨੇ ਦੱਸਿਆ ਕਿ ਇਨ੍ਹਾਂ ਦੇ ਗੈਂਗ ਨੇ ਮੋਹਾਲੀ ਵਿਚਲੇ ਇੱਕ ਫੀਜੀਓਥੈਰੇਪਿਸਟ ਨੂੰ ਡਰਾ-ਧਮਕਾ ਕੇ ਉਸ ਕੋਲੋਂ ਵੀ ਸੱਤਰ ਹਜ਼ਾਰ ਰੁਪਏ ਲੈ ਲਏ ਸਨ।

## ਅਮਰੀਕਾ ਵਿੱਚ ਰੈਂਟਨ ਗੁਰਦੁਆਰੇ ਅੰਦਰ ਸਿੱਖਾਂ ਦੇ ਦੋ ਧੜਿਆਂ ਵਿਚਾਲੇ ਲੜਾਈ



ਮੋਗਾ, 20 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੀ ਵਾਸ਼ਿੰਗਟਨ ਸਟੇਟ ਵਿਚਲੇ ਰੈਂਟਨ ਸ਼ਹਿਰ (ਸਿਆਟਲ) ਵਿੱਚਐਤਵਾਰ ਦੁਪਹਿਰ ਕਰੀਬ ਦੋ ਵਜੇ ਗੁਰਦੁਆਰਾ ਸਿੰਘ ਸਭਾ ਵਿੱਚਦੋ ਧੜਿਆਂ ਵਿੱਚ ਖੂਨੀ ਝੜਪ ਹੋ ਗਈ ਤੇ ਇਸ ਵਿੱਚ ਬੇਸਬੈਟ ਅਤੇ ਤਲਵਾਰਾਂ ਨਾਲ ਹੋਈ ਲੜਾਈ ਵਿੱਚ ਕਈ ਲੋਕ ਜ਼ਖਮੀ ਹੋ ਗਏ।

ਓਥੇ ਵੱਸਦੇ ਪਰਵਾਸੀ ਪੰਜਾਬੀਆਂ ਨੇ ਵੀਡੀਓ ਅਤੇ ਟੈਲੀਫੋਨ ਉੱਤੇ ਇਸ ਘਟਨਾ ਬਾਰੇ ਦੱਸਿਆ ਕਿ ਗੁਰਦੁਆਰੇ ਦਾ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਹੀਂਹੋਇਆ। ਰੈਂਟਨ ਪੁਲਸ ਅਤੇ ਰੈਂਟਨ ਫਾਇਰਫਾਈਟਰਜ਼ ਨੇ ਮੌਕੇ ਉੱਤੇ ਪੁੱਜ ਕੇ ਸਥਿਤੀ ਉੱਤੇ ਕਾਬੂ ਪਾਇਆ। ਉਨ੍ਹਾਂ ਕਿਹਾ ਕਿ ਝਗੜਾ ਗੁਰੂ ਘਰ ਦੇ ਲੰਗਰ ਹਾਲ ਵਿੱਚ ਹੋਇਆ, ਜਿੱਥੇ ਦੋ ਗੁੱਟਾਂ ਵਿਚਾਲੇ ਘਸੁੰਮ-ਮੁੱਕੀਆਂ ਅਤੇ ਕਈ ਕੁਝ ਚੱਲਿਆ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਏਥੇ ਕਈ ਵਾਰ ਝਗੜਾ ਹੋ ਚੁੱਕਾ ਹੈ। ਇਹ ਵੀ ਪਤਾ ਲੱਗਾ ਹੈ ਕਿ ਇੱਕ ਧੜਾ ਗੁਰੁਦਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨਾਲ ਨਾਰਾਜ਼ ਸੀ ਅਤੇ ਕਮੇਟੀ ਨੂੰ ਦੂਜੇ ਧੜੇ ਦੀ ਸਰਪ੍ਰਸਤੀ ਦੇ ਸ਼ੱਕ ਕਾਰਨ ਇਹ ਝਗੜਾ ਹੋਇਆ ਹੈ। ਲੜਾਈ ਵਿੱਚ ਕਈ ਲੋਕਾਂ ਦੀਆਂ ਪੱਗਾਂ ਲੱਥ ਗਈਆਂ ਅਤੇ ਕਈਆਂ ਦੇ ਸੱਟਾਂ ਲੱਗੀਆਂ ਹਨ। ਬਾਅਦ ਵਿੱਚ ਪੁਲਸ ਦੇ ਦਖਲ ਦੇਣ ਉੱਤੇ ਮਾਹੌਲ ਸ਼ਾਂਤ ਹੋਇਆ।

## ਪਾਕਿਸਤਾਨ ’ਚ ਫਸੇ 73 ਭਾਰਤੀ ਨਾਗਰਿਕ ਵਤਨ ਪਰਤੇ



ਅਟਾਰੀ, 20 ਅਕਤੂਬਰ (ਪੋਸਟ ਬਿਊਰੋ)- ਕੋਰੋਨਾ ਮਹਾਂਮਾਰੀ ਕਾਰਨ ਲਾਗੂ ਤਾਲਾਬੰਦੀ ਦੌਰਾਨ ਭਾਰਤ ਤੋਂ ਪਾਕਿਸਤਾਨ ਆਪਣੇ ਰਿਸ਼ਤੇਦਾਰਾਂ ਕੋਲ ਫਸ ਗਏ 73 ਭਾਰਤੀ ਲੋਕ ਅੰਤਰਰਾਸ਼ਟਰੀ ਵਾਹਗਾ-ਅਟਾਰੀ ਸਰਹੱਦ ਰਸਤੇ ਆਪਣੇ ਵਤਨ ਪਰਤ ਆਏ ਹਨ। ਭਾਰਤੀ ਨਾਗਰਿਕਾਂ ਦੇ ਵਤਨ ਪਰਤਣ ਮੌਕੇ ਚੈਕ ਪੋਸਟ ਅਟਾਰੀ ਵਿਖੇ ਸਿਹਤ ਵਿਭਾਗ ਦੀ ਟੀਮ ਵੱਲੋਂ ਕੋਰੋਨਾ ਨਾਲ ਸਬੰਧਤ ‘ਥਰਮਲ ਸਕਰੀਨਿੰਗ’ ਕਰਨ ਪਿੱਛੋਂ ਉਨ੍ਹਾਂ ਨੂੰ ਅੰਮ੍ਰਿਤਸਰ ਲਈ ਰਵਾਨਾ ਕੀਤਾ ਗਿਆ।

ਪਾਕਿਸਤਾਨ ਤੋਂ ਪਰਤੇ ਗੁਜਰਾਤ ਦੇ ਰਹਿਣ ਵਾਲੇ ਮੁਹੰਮਦ ਜਾਵੇਦ ਨੇ ਦੱਸਿਆ ਕਿ ਉਹ ਫਰਵਰੀ ਮਹੀਨੇ ਆਪਣੀ ਬੇਟੀ ਰਾਬੀਆ ਨਾਲ ਕਰਾਚੀ ਰਹਿੰਦੇ ਰਿਸ਼ਤੇਦਾਰਾਂ ਨੂੰ ਮਿਲਣ ਗਿਆ ਸੀ, ਪਰ ਕੋਰੋਨਾ ਮਹਾਂਮਾਰੀ ਕਾਰਨ ਤਾਲਾਬੰਦੀ ਲੱਗ ਜਾਣ ਉੱਤੇ ਸਰਹੱਦੀ ਲਾਂਘਾ ਬੰਦ ਹੋਣ ਕਾਰਨ ਉਹ ਨਿਸ਼ਚਿਤ ਸਮੇਂ ਵਿੱਚ ਵਾਪਸ ਨਹੀਂ ਆ ਸਕੇ। ਉਸ ਨੇ ਦੱਸਿਆ ਕਿ ਅੱਠ ਮਹੀਨੇ ਕਰਾਚੀ ’ਚ ਰਿਸ਼ਤੇਦਾਰਾਂ ਕੋਲ ਰਹਿਣ ਤੇ ਉਨ੍ਹਾਂ ਨੂੰ ਕੋਈ ਮੁਸ਼ਕਲ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਇਸ ਲੰਮੇ ਸਮੇਂ ਦੌਰਾਨ ਮੈਂ ਦੋ ਵਾਰ ਵਾਹਗਾ ਸਰਹੱਦ ਤੋਂ ਵੀ ਹੋ ਕੇ ਗਿਆ, ਪਰ ਅੱਜ ਵਤਨ ਪਰਤਦੇ ਸਮੇਂ ਬਹੁਤ ਖ਼ੁਸ਼ੀ ਹੋ ਰਹੀ ਹੈ।

ਜ਼ਿਲ੍ਹਾ ਸਾਂਵਲੀ, ਯੂ ਪੀ ਦੇ ਨੌਜਵਾਨ ਨੇ ਦੱਸਿਆ ਉਹ ਆਪਣੇ ਰਿਸ਼ਤੇਦਾਰਾਂ ਕੋਲ ਕਰਾਚੀ ਵਿਖੇ ਅੱਠ ਮਹੀਨੇ ਰਹੇ। ਨਾਸਰ ਬੇਗ਼ਮ ਵਾਸੀ ਦਿੱਲੀ ਨੇ ਕਿਹਾ ਕਿ ਉਹ ਇਸਲਾਮਾਬਾਦ ਰਹਿੰਦੇ ਰਿਸ਼ਤੇਦਾਰਾਂ ਨੂੰ ਮਿਲਣ ਗਈ ਸੀ ਪਰ ਤਾਲਾਬੰਦੀ ’ਚ ਫਸ ਜਾਣ ਕਾਰਨ ਅੱਠ ਮਹੀਨੇ ਓਥੇ ਰਹਿਣਾ ਪਿਆ। ਖਿੰਮੀ ਬੇਨ ਵਾਸੀ ਗੁਜਰਾਤ ਨੇ ਦੱਸਿਆ ਕਿ ਸੂਬਾ ਸਿੰਧ ਦੇ ਜ਼ਿਲ੍ਹੇ ਬਦਨ ’ਚ ਰਹਿੰਦੀ ਉਸ ਦੀ ਵੱਡੀ ਭੈਣ ਦੀ ਮੌਤ ਹੋ ਗਈ ਸੀ। ਉਸ ਦੇ ਅਫ਼ਸੋਸ ਕਰਨ ਲਈ ਗਈ ਸੀ। ਉਸ ਨੇ ਕਿਹਾ ਕਿ ਕੋਰੋਨਾ ਮਹਾਂਮਾਰੀ ਦਾ ਅਸਰ ਦੋਵਾਂ ਪਾਸੇ ਸੀ ਪਰ ਤਾਲਾਬੰਦੀ ’ਚ ਫਸਣ ਕਾਰਨ ਰਿਸ਼ਤੇਦਾਰਾਂ ਕੋਲ ਠਹਿਰਨਾ ਪਿਆ।

ਵਰਨਣ ਯੋਗ ਹੈ ਕਿ ਤਾਲਾਬੰਦੀ ਕਾਰਨ ਪਾਕਿਸਤਾਨ ’ਚ ਫਸੇ 139 ਭਾਰਤੀ ਨਾਗਰਿਕਾਂ ਨੇ ਕੱਲ੍ਹ ਪਰਤਣਾ ਸੀ, ਪਰ ਉਨ੍ਹਾਂ ’ਚੋਂ 73 ਨਾਗਰਿਕ ਹੀ ਪਰਤ ਸਕੇ। ਇਸ ਦੌਰਾਨ ਸਰਹੱਦ ਵਿਖੇ ਸਿਹਤ ਵਿਭਾਗ ਵੱਲੋਂ ਜਾਂਚ ਦੌਰਾਨ ਇੱਕ ਵਿਅਕਤੀ ਕੋਰੋਨਾ ਪਾਜ਼ੀਟਿਵ ਪਾਇਆ ਗਿਆ, ਜਿਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿਖੇ ਰੈਫ਼ਰ ਕਰ ਦਿੱਤਾ ਗਿਆ।

## ਯੂਨੀਵਰਸਿਟੀ ਵਿੱਚ ਦਾਖਲਾ ਕਰਵਾਉਣ ਜਾਂਦੇ ਚਾਰ ਨੌਜਵਾਨਾਂ ਦੀ ਕਾਰ ਰੁੱਖ ਨਾਲ ਵੱਜੀ

* ਦੋ ਜਣਿਆਂ ਦੀ ਹਾਦਸੇ ਵਿੱਚ ਮੌਤ, ਦੋ ਜ਼ਖਮੀ




ਫਤਿਹਗੜ੍ਹ ਸਾਹਿਬ, 20 ਅਕਤੂਬਰ (ਪੋਸਟ ਬਿਊਰੋ)- ਜ਼ਿਲੇ ਦੇ ਪਿੰਡ ਭੈਰੋਪੁਰ-ਚੰਡੀਗੜ੍ਹ ਰੋਡ ਨੇੜੇ ਹੋਏ ਸੜਕ ਹਾਦਸੇ ਵਿੱਚ ਦੋ ਦੋਸਤਾਂ ਦੀ ਮੌਤ ਹੋ ਗਈ, ਜਦ ਕਿ ਦੋ ਜਣੇ ਗੰਭੀਰ ਜ਼ਖਮੀ ਹਨ।

ਪਤਾ ਲੱਗਾ ਹੈ ਕਿ ਇੱਕ ਕਾਰ ਵਿੱਚ ਸਵਾਰ ਚਾਰ ਦੋਸਤ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਦਾਖਲਾ ਕਰਵਾਉਣ ਦੇ ਲਈ ਜਾ ਰਹੇ ਸਨ ਕਿ ਉਨ੍ਹਾਂ ਦੀ ਕਾਰ ਪਿੰਡ ਭੈਰੋਂਪੁਰ ਵਿੱਚ ਬੇਕਾਬੂ ਹੋ ਕੇ ਇੱਕ ਰੁੱਖ ਨਾਲ ਟਕਰਾ ਗਈ, ਜਿਸ ਦੇ ਕਾਰਨ ਜਸ਼ਨਪ੍ਰੀਤ ਸਿੰਘ (22) ਪਿੰਡ ਤੂਰਾਂ ਮੰਡੀ ਗੋਬਿੰਦਗੜ੍ਹ ਅਤੇ ਕੇਸ਼ਵ ਬਾਂਸਲ (21) ਵਾਸੀ ਕੁੱਕੜ ਮਾਜਰਾ ਦੀ ਮੌਕੇ ਉੱਤੇ ਮੌਤ ਹੋ ਗਈ, ਜਦ ਕਿ ਕਾਰ ਵਿੱਚ ਸਵਾਰ ਗਗਨਦੀਪ ਸਿੰਘ ਵਾਸੀ ਲਾਡਪੁਰ ਮੰਡੀ ਗੋਬਿੰਦਗੜ੍ਹ ਤੇ ਨਵਜੋਤ ਸੰਧੂ ਵਾਸੀ ਤੂਰਾਂ ਗੰਭੀਰ ਜ਼ਖਮੀ ਹੋ ਗਏ। ਉਨ੍ਹਾ ਨੂੰ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਵਿੱਚ ਦਾਖਲ ਕਰਾਇਆ ਗਿਆ ਹੈ।ਥਾਣਾ ਫਤਿਹਗੜ੍ਹ ਸਾਹਿਬ ਦੇ ਸਬ ਇੰਸਪੈਕਟਰ ਕੇਵਲ ਸਿੰਘ ਨੇ ਦੱਸਿਆ ਕਿ ਚਾਰੇ ਵਿਦਿਆਰਥੀ ਇੱਕ ਕਾਰ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਦਾਖਲਾ ਕਰਵਾਉਣ ਜਾ ਰਹੇ ਸਨ, ਜਦ ਉਹ ਪਿੰਡ ਭੈਰੋਪੁਰ ਨੇੜੇ ਗਏ ਤਾਂ ਅਚਾਨਕ ਉਨ੍ਹਾਂ ਦੀ ਕਾਰ ਇੱਕ ਰੁੱਖ ਨਾਲ ਟਕਰਾ ਗਈ। ਸਿਵਲ ਹਸਪਤਾਲ ਦੇ ਡਾਕਟਰ ਜੀਵਨਜੋਤ ਨੇ ਦੱਸਿਆ ਕਿ ਚਾਰ ਨੌਜਵਾਨ ਜ਼ਖਮੀ ਹਾਲਤ ਵਿੱਚ ਲਿਆਂਦੇ ਗਏ ਸਨ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਦੇਖ ਕੇ ਉਨ੍ਹਾਂ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਰੈਫਰ ਕਰ ਦਿੱਤਾ ਗਿਆ ਹੈ। ਪੁਲਸ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸੜਕ ਹਾਦਸੇ ਵਿੱਚ ਨੌਜਵਾਨ ਦੀ ਮੌਤ, ਸਾਰੀ ਰਾਤ ਵਾਹਨ ਲਾਸ਼ ਉੱਤੋਂ ਲੰਘਦੇ ਰਹੇ

ਮੰਜੀ ਸਾਹਿਬ ਕੋਟਾਂ, 20 ਅਕਤੂਬਰ (ਪੋਸਟ ਬਿਊਰੋ)- ਜੀ ਟੀ ਰੋਡ ਮੰਜੀ ਸਾਹਿਬ ਨੇੜੇ ਕੱਲ੍ਹ ਰਾਤ ਹੋਏ ਸੜਕ ਹਾਦਸੇ ਵਿੱਚ ਇੱਕ 35 ਸਾਲਾ ਨੌਜਵਾਨ ਦੀ ਮੌਤ ਹੋ ਗਈ, ਜਿਸ ਦੀ ਪਛਾਣ ਵਿਵੇਕ (ਹਿਮਾਚਲ ਪ੍ਰਦੇਸ਼) ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਵਿਵੇਕ ਤੇ ਉਸ ਦਾ ਡਰਾਈਵਰ ਬੀਤੀ ਰਾਤ ਮੰਜੀ ਸਾਹਿਬ ਨੇੜੇ ਇੱਕ ਢਾਬੇ ਸਾਹਮਣੇ ਖਾਣਾ ਖਾਣ ਲਈ ਰੁਕੇ ਤੇ ਟਰੱਕ ਵਿੱਚ ਸੌਂ ਗਏ। ਇਸੇ ਦੌਰਾਨ ਵਿਵੇਕ ਟਰੱਕ ਵਿੱਚੋਂ ਬਾਹਰ ਆਇਆ ਅਤੇ ਫਿਰ ਕਿਸੇ ਅਣਪਛਾਤੇ ਵਾਹਨ ਨੇ ਉਸ ਨੂੰ ਕੁਚਲ ਦਿੱਤਾ ਅਤੇ ਸਾਰੀ ਰਾਤ ਉਸ ਦੀ ਲਾਸ਼ ਉਪਰੋਂ ਵਾਹਨ ਲੰਘਦੇ ਰਹੇ। ਸਵੇਰੇ ਉਠ ਕੇ ਟਰੱਕ ਡਰਾਈਵਰ ਨੇ ਵਿਵੇਕ ਦੀ ਭਾਲ ਸ਼ੁਰੂ ਕਰ ਦਿੱਤੀ, ਪਰ ਉਹ ਕਿਤੋਂ ਨਾ ਮਿਲਿਆ। ਬਾਅਦ ਦੁਪਹਿਰ ਕਿਸੇ ਨੇ ਪੁਲਸ ਨੂੰ ਦੱਸਿਆ ਕਿ ਇੱਕ ਲਾਸ਼ ਰੈਲਸਨ ਫੈਕਟਰੀ ਕੋਲ ਪਈ ਹੈ, ਜਿਸ ਦੀ ਪਛਾਣ ਉਸ ਦੇ ਨਾਲ ਦੇ ਡਰਾਈਵਰ ਨੇ ਕੀਤੀ। ਪਤਾ ਲੱਗਾ ਹੈ ਕਿ ਸਾਰੀ ਰਾਤ ਉਸ ਦੀ ਲਾਸ਼ ਦੇ ਉਪਰੋਂ ਵਾਹਨ ਲੰਘਣ ਕਾਰਨ ਉਸ ਦੇ ਸਰੀਰ ਦੇ ਕਈ ਅੰਗ ਨਹੀਂ ਮਿਲੇ ਪਰ ਪੁਲਸ ਚੌਕੀ ਕੋਟਾਂ ਦੇ ਇੰਚਾਰਜ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ।

## ਮਹਿਲਾ ਕਮਿਸ਼ਨ ਨੇ ‘ਆਈਟਮ’ ਵਾਲੀ ਟਿੱਪਣੀ ਬਾਰੇ ਕਮਲਨਾਥ ਤੋਂ ਜਵਾਬ ਮੰਗਿਆ

ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਭਾਰਤ ਦੇ ਕੌਮੀ ਮਹਿਲਾ ਕਮਿਸ਼ਨ ਨੇ ਮੱਧ ਪ੍ਰਦੇਸ਼ ਦੀ ਮੰਤਰੀ ਇਮਰਤੀ ਦੇਵੀ ਦੇ ਖਿਲਾਫ ਸਾਬਕਾ ਮੁੱਖ ਮੰਤਰੀ ਕਮਲਨਾਥ ਵੱਲੋਂ ‘ਆਈਟਮ’ ਵਾਲੀ ਟਿੱਪਣੀ ਬਾਰੇ ਜਵਾਬ ਮੰਗ ਲਿਆ ਹੈ। ਇਸ ਦੇ ਨਾਲ ਕਮਿਸ਼ਨ ਨੇ ਮੁੱਖ ਚੋਣ ਕਮਿਸ਼ਨਰ ਨੂੰ ਪੱਤਰ ਲਿਖ ਕੇ ਢੁਕਵੀਂ ਕਾਰਵਾਈ ਦੀ ਮੰਗ ਕੀਤੀ ਹੈ। ਮਹਿਲਾ ਕਮਿਸ਼ਨ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ, ‘ਕਮਲਨਾਥ ਨੇ ਮੱਧ ਪ੍ਰਦੇਸ਼ ਦੇ ਡਾਬਰਾ ਵਿੱਚ ਇੱਕ ਰੈਲੀ ਦੌਰਾਨ ਮਹਿਲਾ ਮੰਤਰੀ ਦੇ ਖਿਲਾਫ ਇਤਰਾਜ਼ਯੋਗ ਟਿੱਪਣੀ ਕੀਤੀ ਹੈ। ਕਮਿਸ਼ਨ ਇੱਕ ਆਗੂ ਵੱਲੋਂ ਦਿੱਤੇ ਗਏ ਇਸ ਗੈਰ ਜ਼ਿੰਮੇਵਾਰਾਨਾ ਅਤੇ ਇਤਰਾਜ਼ਯੋਗ ਬਿਆਨ ਦੀ ਨਿਖੇਧੀ ਕਰਦਾ ਹੈ।’ ਉਨ੍ਹਾਂ ਕਿਹਾ ਕਿ ਇਸ ਬਾਰੇ ਜ਼ਰੂਰੀ ਕਾਰਵਾਈ ਲਈ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ ਗਿਆ ਹੈ।

ਵਰਨਣ ਯੋਗ ਹੈ ਕਿ ਡਾਬਰਾ ਵਿਧਾਨ ਸਭਾ ਹਲਕੇ ਵਿੱਚ ਚੋਣ ਪ੍ਰਚਾਰ ਦੌਰਾਨ ਕਮਲਨਾਥ ਨੇ ਐਤਵਾਰ ਨੂੰ ਕਾਂਗਰਸ ਉਮੀਦਵਾਰ ਨੂੰ ‘ਸਿੱਧਾ ਸਾਦਾ’ ਅਤੇ ਉਸ ਦੇ ਖਿਲਾਫ ਖੜੀ ਭਾਜਪਾ ਉਮੀਦਵਾਰ ਇਮਰਤੀ ਦੇਵੀ ਨੂੰ ‘ਆਈਟਮ’ ਕਿਹਾ ਸੀ। ਇਸ ਬਾਰੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਦੀ ਅਗਵਾਈ ਵਿੱਚ ਭਾਜਪਾ ਆਗੂਆਂ ਨੇ ਕਮਲਨਾਥ ਦੀ ਟਿੱਪਣੀ ਵਿਰੁੱਧ ਦੋ ਘੰਟੇ ਹੜਤਾਲ ਕੀਤੀ ਸੀ।

## ਹਜ਼ੂਰ ਸਾਹਿਬ ਦੇ ਨਗਰ ਕੀਰਤਨ ਬਾਰੇ ਫੈਸਲਾ ਜ਼ਮੀਨੀ ਹਕੀਕਤਾਂ ਮੁਤਾਬਕ ਲਿਆ ਜਾਵੇ: ਸੁਪਰੀਮ ਕੋਰਟ



ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਨਾਂਦੇੜ ਦੇ ਗੁਰਦੁਆਰਾ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਵੱਲੋਂ ਕੋਵਿਡ ਮਹਾਮਾਰੀ ਦੌਰਾਨ ਦੁਸਹਿਰੇ ਮੌਕੇ ਨਗਰ ਕੀਰਤਨ ਸਜਾਉਣ ਦੀ ਇਜਾਜ਼ਤ ਦੀ ਪਟੀਸ਼ਨ ਉੱਤੇ ਮਹਾਰਾਸ਼ਟਰ ਰਾਜ ਆਫਤ ਪ੍ਰਬੰਧ ਅਥਾਰਟੀ (ਐਸ ਡੀ ਐਮ ਏ) ਨੂੰ ਜ਼ਮੀਨੀ ਹਕੀਕਤਾਂ ਮੁਤਾਬਕ ਫੈਸਲਾ ਕਰਨ ਲਈ ਆਖਿਆ ਹੈ। ਹਾਲੇ ਤੱਕ ਇਸ ਬਾਰੇ ਆਗਿਆ ਨਹੀਂ ਦਿੱਤੀ ਗਈ। ਜਸਟਿਸ ਐਲ ਨਾਗੇਸ਼ਵਰ ਰਾਓ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਦੁਸਹਿਰੇ ਦੀਆਂ ਛੁੱਟੀਆਂ ਦੌਰਾਨ ਕੇਸ ਦੀ ਸੁਣਵਾਈ ਕਰਦਿਆਂ ਕਿਹਾ ਕਿ ਇਸ ਬਾਰੇ ਫੈਸਲਾ ਜ਼ਮੀਨੀ ਹਕੀਕਤਾਂ ਦੇ ਆਧਾਰ ਉੱਤੇ ਲੈਣਾ ਹੋਵੇਗਾ। ਜਸਟਿਸ ਹੇਮੰਤ ਗੁਪਤਾ ਅਤੇ ਜਸਟਿਸ ਅਜੈ ਰਸਤੋਗੀ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਗੁਰਦੁਆਰਾ ਪ੍ਰਬੰਧਕਾਂ ਨੂੰ ਐਸ ਡੀ ਐਮ ਏ ਸਾਹਮਣੇ ਆਪਣਾ ਪੱਖ ਰੱਖਣ ਲਈ ਕਿਹਾ ਹੈ। ਉਂਝ ਸੁਪਰੀਮ ਕੋਰਟ ਨੇ ਸਾਫ ਕਿਹਾ ਕਿ ਜੇ ਗੁਰਦੁਆਰਾ ਪ੍ਰਬੰਧਕ ਬੋਰਡ ਨੂੰ ਐਸ ਡੀ ਐਮ ਦਾ ਫੈਸਲਾ ਤਸੱਲੀਬਖਸ਼ ਨਹੀਂ ਲੱਗਦਾ ਤਾਂ ਉਹ ਬੰਬੇ ਹਾਈ ਕੋਰਟ ਜਾ ਸਕਦੇ ਹਨ। ਕੋਰਟ ਨੇ ਇਹ ਟਿੱਪਣੀਆਂ ‘ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਬੋਰਡ’ ਵੱਲੋਂ ਦਾਇਰ ਪਟੀਸ਼ਨ ਉੱਤੇ ਕੀਤੀਆਂ, ਜਿਸ ਵਿੱਚ ਬੋਰਡ ਨੇ ਤਿੰਨ ਸਦੀਆਂ ਪੁਰਾਣੀ ਰਵਾਇਤ ਦੇ ਮੁਤਾਬਕ ਦੁਸਹਿਰੇ ਦੇ ਮੌਕੇ ਨਗਰ ਕੀਰਤਨ ਸਜਾਉਣ, ਤਖਤ ਇਸ਼ਨਾਨ, ਦੀਪਮਾਲਾ ਤਏ ਗੁਰਤਾ ਗੱਦੀ ਸਮਾਗਮਾਂ ਲਈ ਸ਼ਰਤਾਂ ਨਾਲ ਇਜਾਜ਼ਤ ਮੰਗੀ ਸੀ। ਦੂਸਰੇ ਪਾਸੇ ਮਹਾਰਾਸ਼ਟਰ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਦਾਇਰ ਐਫੀਡੇਵਿਟ ਵਿੱਚ ਸਾਫ ਕਿਹਾ ਸੀ ਕਿ ਕੋਵਿਡ-19 ਦੇ ਕਾਰਨ ਨਾਂਦੇੜ ਗੁਰਦੁਆਰਾ ਪ੍ਰਬੰਧਨਕਬੋਰਡ ਵੱਲੋਂਦੁਸਹਿਰੇ ਮੌਕੇ ਨਗਰ ਕੀਰਤਨ ਸਜਾਉਣਾ ‘ਵਿਹਾਰਕ ਤੌਰ ਉੱਤੇ ਸੰਭਵ’ ਨਹੀਂ ਹੈ ਅਤੇ ਰਾਜ ਸਰਕਾਰ ਨੇ ਕੋਰੋਨਾ ਵਾਇਰਸ ਦਾ ਫੈਲਾਅ ਰੋਕਣ ਲਈ ਧਾਰਮਿਕ ਸਮਾਗਮਾਂ ਉੱਤੇ ਪਾਬੰਦੀ ਲਾਉਣ ਦਾ ਫੈਸਲਾ ਸੋਚ ਸਮਝ ਕੇ ਲਿਆ ਹੈ। ਫਿਰ ਵੀ ਕੱਲ੍ਹ ਦੀ ਸੁਣਵਾਈ ਦੌਰਾਨ ਪਟੀਸ਼ਨਰ ਵੱਲੋਂ ਪੇਸ਼ ਵਕੀਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਧਾਰਮਿਕ ਅਸਥਾਨਾਂ ਨੂੰ ਖੋਲ੍ਹਣ ਲਈ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਅਤੇ ਸੂਬਾ ਸਰਕਾਰ ਨੇ ਵੀ ਸੀਮਤ ਇਕੱਠਾਂ ਉੱਤੇ ਕੋਈ ਇਤਰਾਜ਼ਨਹੀਂਕੀਤਾ। ਇਸ ਉੱਤੇਅਦਾਲਤ ਨੇ ਕਿਹਾ ਕਿ ਕਿਸੇ ਜਲੂਸ ਜਾਂ ਨਗਰ ਕੀਰਤਨ ਵਿੱਚ ਚਾਲੀ ਤੋਂ ਪੰਜਾਹ ਲੋਕ ਸ਼ਾਮਲ ਹੋਣ ਤਾਂ ਠੀਕ ਹੈ, ਪਰ ਜੇ ਸੜਕਾਂ ਉੱਤੇ ਵੱਡੀ ਗਿਣਤੀ ਲੋਕ ਇਕੱਠੇ ਹੋ ਗਏ ਤਾਂ ਫਿਰ ਇਸ ਹਜ਼ੂਮ ਨੂੰ ਕੌਣ ਕਾਬੂ ਕਰੇਗਾ?ਪਟੀਸ਼ਨਰ ਦੇ ਵਕੀਲ ਨੇ ਦਲੀਲ ਦਿੱਤੀ ਕਿ ਗੁਰਦੁਆਰਾ ਪ੍ਰਬੰਧਕਾਂ ਨੇ ਨਗਰ ਕੀਰਤਨ ਦਾ ਰੂਟ ਘਟਾ ਕੇ ਡੇਢ ਕਿਲੋਮੀਟਰ ਕਰ ਦਿੱਤਾ ਹੈ ਤੇ ਇਸ ਦਾ ਸਮਾਂ ਵੀ ਸ਼ਾਮ ਦਾ ਹੋ ਜਾ ਸਕਦਾ ਹੈ ਤਾਂ ਕਿ ਛੋਟਾ ਇਕੱਠ ਯਕੀਨੀ ਬਣਾਇਆ ਜਾ ਸਕੇ ਅਤੇ ਨਗਰ ਕੀਰਤਨ ਟੈਲੀਵਿਜ਼ਨ ਉੱਤੇ ਟੈਲੀਕਾਸਟ ਵੀ ਹੋਵੇਗਾ।

ਮਹਾਰਾਸ਼ਟਰ ਸਰਕਾਰ ਦੇ ਵਕੀਲ ਦੇਵਦੱਤ ਕਾਮਤ ਨੂੰ ਨਾਂਦੇੜ ਖੇਤਰ ਸਮੇਤ ਸੂਬੇ ਵਿੱਚ ਕੋਵਿਡ 19 ਦੇ ਕੇਸਾਂ ਤੇ ਇਸ ਕਰ ਕੇ ਹੋਈਆਂ ਮੌਤਾਂ ਦੀ ਜਾਣਕਾਰੀ ਦਿੱਤੀ। ਉਨ੍ਹਾ ਨੇ ਸੂਬਾ ਸਰਕਾਰ ਦੇ ਹਵਾਲੇ ਨਾਲ ਕਿਹਾ ਕਿ ਨਗਰ ਕੀਰਤਨ ਦੀ ਇਜਾਜ਼ਤ ਦਿੱਤੀ ਤਾਂ ਸਰਕਾਰ ਨੂੰ ਹੋਰਨਾਂ ਧਾਰਮਿਕ ਸਮਾਗਮਾਂ ਲਈ ਵੀ ਇਜਾਜ਼ਤ ਦੇਣੀ ਪੈ ਸਕਦੀ ਹੈ। ਕੇਂਦਰ ਵੱਲੋਂ ਪੇਸ਼ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਗ੍ਰਹਿ ਮੰਤਰਾਲੇ ਵੱਲੋਂ ਧਾਰਮਿਕ ਇਕੱਠਾਂ ਬਾਰੇ ਜਾਰੀ ਤਾਜ਼ਾ ਨਿਰਦੇਸ਼ਾਂ ਦਾ ਹਵਾਲਾ ਵੀ ਦਿੱਤਾ, ਪਰ ਸੁਪਰੀਮ ਕੋਰਟ ਨੇ ਇਸ ਵਿੱਚ ਇੱਕ ਦਮ ਦਖਲ ਨਹੀਂ ਦਿੱਤਾ।

ਦਿੱਲੀ ਦੰਗਿਆਂ ਦਾ ਮਾਮਲਾ

## ਪੱਤਰਕਾਰਾਂ ਨੂੰ ਕੇਸ ਡਾਇਰੀਛਾਪਣ ਜਾਂ ਪ੍ਰਸਾਰਨ ਦਾ ਅਧਿਕਾਰ ਨਹੀਂ: ਅਦਾਲਤ



ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਫਰਵਰੀ ਵਿੱਚ ਸੋਧੇ ਹੋਏ ਨਾਗਰਿਕਤਾ ਕਾਨੂੰਨ (ਸੀ ਏ ਏ) ਦੇ ਖਿਲਾਫ ਪ੍ਰਦਰਸ਼ਨਾਂ ਦੇ ਦੌਰਾਨ ਉਤਰ ਪੂਰਬੀ ਦਿੱਲੀ ਵਿੱਚ ਫਿਰਕੂ ਹਿੰਸਾ ਦੇ ਮਾਮਲੇ ਵਿੱਚ ਇੱਕ ਦੋਸ਼ੀ ਦੇ ਕਬੂਲਨਾਮੇ ਨੂੰ ਪ੍ਰਸਾਰਤ ਕਰਨ ਉੱਤੇ ਇੱਕ ਨਿਊਜ਼ ਚੈਨਲ ਨੂੰਕਿਹਾ ਕਿ ਦੋਸ਼ੀ ਦਾ ਇਕਬਾਲੀਆ ਬਿਆਨ ਜਨਤਕ ਨਹੀਂ ਕੀਤਾ ਗਿਆ, ਉਸ ਤੱਕ ਪਹੁੰਚ ਤੇ ਉਸ ਨੂੰ ਪ੍ਰਕਾਸ਼ਤ ਜਾਂ ਪ੍ਰਸਾਰਤ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਇਹ ਵੀ ਕਿਹਾ ਕਿ ਪੱਤਰਕਾਰਾਂ ਨੂੰ ਕੋਈ ਕੇਸ ਡਾਇਰੀ ਪ੍ਰਕਾਸ਼ਿਤ ਜਾਂ ਪ੍ਰਾਸਰਿਤ ਕਰਨ ਦਾ ਅਧਿਕਾਰ ਨਹੀਂ ਹੈ।

ਅਦਾਲਤ ਨੇ ਜੀ ਨਿਊਜ਼ ਮੀਡੀਆ ਕਾਰਪੋਰੇਸ਼ਨ ਲਿਮਟਿਡ ਨੂੰ ਐਫੀਡੇਵਿਟ ਪੇਸ਼ ਕਰ ਕੇ ਉਸ ਸੂਤਰ ਦਾ ਖੁਲਾਸਾ ਕਰਨ ਨੂੰ ਕਿਹਾ ਹੈ, ਜਿਸ ਨਾਲ ਇਸ ਦੇ ਸੰਬੰਧਤ ਪੱਤਰਕਾਰ ਨੂੰ ਜਾਮੀਆ ਮਿਲੀਆ ਇਸਲਾਮੀਆ (ਜੇ ਐਮ ਆਈ) ਯੂਨੀਵਰਸਿਟੀ ਦੇ ਵਿਦਿਆਰਥੀ ਦੇ ਕਬੂਲਨਾਮੇ ਦੇ ਦਸਤਾਵੇਜ਼ ਮਿਲੇ ਸਨ।ਜਸਟਿਸ ਵਿਭੂ ਬਾਖਰੂ ਨੇ ਮੀਡੀਆ ਗਰੁੱਪ ਦੀ ਇਹ ਅਪੀਲ ਠੁਕਰਾ ਦਿੱਤੀ ਕਿ ਉਸ ਨੂੰ ਸੰਬੰਧਤ ਪੱਤਰਕਾਰਾ ਦੇ ਨਾਂਅ ਦਾ ਖੁਲਾਸਾ ਸੀਲਬੰਦ ਲਿਫਾਫੇ ਵਿੱਚ ਕਰਨ ਦੀ ਆਗਿਆ ਦਿੱਤੀ ਜਾਵੇ, ਕਿਉਂਕਿ ਨਾਂਅ ਦਾ ਖੁਲਾਸਾ ਹੋਣ ਉੱਤੇ ਉਸ ਦੇ ਜੀਵਨ ਅਤੇ ਪਰਵਾਰ ਨੂੰ ਖਤਰਾ ਹੋ ਸਕਦਾ ਹੈ। ਇਸ ਬਾਰੇ ਮੈਜਿਸਟਰੇਟ ਨੇ ਨਿਊਜ਼ ਚੈਨਲ ਨੂੰ ਐਫੀਡੇਵਿਟ ਪੇਸ਼ ਕਰਨ ਨੂੰ ਕਿਹਾ ਅਤੇ ਅਗਲੇਰੀ ਸੁਣਵਾਈ ਦੇ ਲਈ 23 ਅਕਤੂਬਰ ਤੈਅ ਕੀਤੀ। ਅਦਾਲਤ ਨੇ ਕਿਹਾ, ਪੁਲਸ ਨੇ ਕੇਸ ਵਿੱਚ ਸਾਵਧਾਨੀ ਨਾਲ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਹੈ।

## ਭਾਜਪਾ ਐੱਮ ਪੀ ਵੱਲੋਂ ਪੱਤਰਕਾਰਾਂ ਉਤੇ ਪੁਲਸ ਦੀ ਕਾਰਵਾਈ ਦੀ ਪਾਕਿ ਨਾਲ ਤੁਲਨਾ

* ਟਿਪਣੀ ਵੱਡੇ ਵਿਵਾਦ ਦਾ ਕਾਰਨ ਬਣ ਗਈ



ਭੁਵਨੇਸ਼ਵਰ, 20 ਅਕਤੂਬਰ (ਪੋਸਟ ਬਿਊਰੋ)- ਭਾਜਪਾ ਦੇ ਕੌਮੀ ਉਪ ਪ੍ਰਧਾਨ ਬੈਜਿਅੰਤ ਪਾਂਡਾ ਨੇ ਬੀਤੇ ਹਫਤੇ ਉੜੀਸਾ ਅਤੇ ਮਹਾਰਾਸ਼ਟਰ ਵਿੱਚ ਪੱਤਰਕਾਰਾਂ ਉੱਤੇ ਹੋਈ ਪੁਲਸੀ ਕਾਰਵਾਈ ਦੀ ਤੁਲਨਾ ਪਾਕਿਸਤਾਨ ਵਿੱਚ ਪੱਤਰਕਾਰਾਂ ਦੇ ਸ਼ੋਸ਼ਣ ਨਾਲ ਕਰ ਕੇ ਇੱਕ ਨਵੇਂ ਵਿਵਾਦ ਨੂੰ ਜਨਮ ਦੇ ਦਿੱਤਾ ਹੈ। ਸੀਨੀਅਰ ਭਾਜਪਾ ਨੇਤਾ ਪਾਂਡਾ ਨੇ ਬੀਤੇ ਸ਼ਨੀਵਾਰ ਟਵੀਟ ਕੀਤਾ ਸੀ ਕਿ‘ਬੋਲਣ ਦੀ ਆਜ਼ਾਦੀ। ਇਹ ਸ਼ਰਮਨਾਕ ਹੈ ਕਿ ਮਹਾਰਾਸ਼ਟਰ ਅਤੇ ਉੜੀਸਾ ਦੀ ਪੁਲਸ ਕਾਨੂੰਨ ਦਾ ਪਾਲਣ ਕੀਤੇ ਬਗੈਰ ਪਾਕਿਸਤਾਨ ਦੀ ਤਰ੍ਹਾਂ ਪੱਤਰਕਾਰਾਂ ਨੂੰ ਫੜ ਰਹੀ ਹੈ ਅਤੇ ਉਨ੍ਹਾਂਨੂੰ ਪ੍ਰੇਸ਼ਾਨ ਕਰ ਰਹੀ ਅਤੇ ਹਿਰਾਸਤ ਵਿੱਚ ਪੁੱਛਗਿੱਛ ਕਰ ਰਹੀ ਹੈ। ਇਹੀ ਹੈ ਅਸਲ ਫਾਸ਼ੀਵਾਦ। ਓ ਟੀ ਵੀ ਨਿਊਜ਼ ਦੇ ਪੱਤਰਕਾਰ ਰਮੇਸ਼ ਰਥ ਅਤੇ ਰਿਪਬਲਿਕ ਦੇ ਪ੍ਰਦੀਪ ਲਈ ਆਵਾਜ਼ ਉਠਾਓ।’ ਪਾਂਡਾ ਦੇ ਇਸ ਟਵੀਟ ਵਿੱਚ ਦੋਵਾਂ ਪੱਤਰਕਾਰਾਂ ਨੂੰ ਟੈਗ ਕੀਤਾ ਗਿਆ ਸੀ। ਇਸ ਟਵੀਟ ਉੱਤੇ ਪ੍ਰਤੀਕਿਰਿਆ ਦਿੰਦੇ ਹੋਏ ਉੜੀਸਾ ਵਿੱਚ ਸੱਤਾਧਾਰੀ ਬੀਜੂ ਜਨਤਾ ਦਲ ਦੇ ਨੇਤਾਵਾਂ ਨੇ ਉੜੀਸਾ ਦੀ ਤੁਲਨਾ ਪਾਕਿਸਤਾਨ ਨਾਲ ਕਰਨ ਦੇ ਲਈ ਉਨ੍ਹਾਂਦੀ ਨਿੰਦਾ ਕੀਤੀ। ਰਾਜ ਸਭਾ ਮੈਂਬਰ ਸੰਬਿਤ ਪਾਤਰਾ ਨੇ ਆਪਣੇ ਸਾਬਕਾ ਸਹਿਯੋਗੀ ਭਾਜਪਾ ਆਗੂ ਦੇ ਬਿਆਨ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਭਾਜਪਾ ਵਿਧਾਇਕ ਪ੍ਰਣਬ ਪ੍ਰਕਾਸ਼ ਦਾਸ ਨੇ ਕਿਹਾ ਕਿ ਪਾਂਡਾ ਨੇ ਰਾਜ ਦਾ ਅਨਾਦਰ ਕੀਤਾ ਹੈ।

## 15 ਦਸੰਬਰ ਤੱਕ ਵਧ ਸਕਦੀ ਹੈ ਏਅਰ ਇੰਡੀਆ ਦੀ ਬੋਲੀ ਵਾਲੀ ਤਰੀਕ


ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਸਰਕਾਰ ਸੰਭਾਵੀ ਬੋਲੀਦਾਤਾਵਾਂ ਨੂੰ ਖਿੱਚਣ ਲਈ ਏਅਰ ਇੰਡੀਆ ਦੀ ਜਾਇਦਾਦ ਦੇ ਮੁਲਾਂਕਣ ਨਿਯਮਾਂ ਨੂੰ ਆਸਾਨ ਬਣਾ ਕੇ ਬੋਲੀਦਾਤਾਵਾਂ ਨੂੰ ਉਦਮ ਮੁੱਲ ਦੇ ਆਧਾਰ ’ਤੇ ਪੇਸ਼ਕਸ਼ ਕਰਨ ਦੀ ਇਜਾਜ਼ਤ ਦੇਵੇਗੀ। ਜਾਣਕਾਰ ਸੂਤਾਂ ਮੁਤਾਬਕ ਇਸ ਕੰਮ ਵਿੱਚ ਸਰਕਾਰ ਘਾਟੇ ਵਿੱਚ ਚੱਲ ਰਹੀ ਇਸ ਜਨਤਕ ਹਵਾਈ ਕੰਪਨੀ ਲਈ ਮੁੱਢਲੇ ਇੰਟਰੈਸਟ ਪੱਤਰ ਦਾਖਲ ਕਰਨ ਦੀ ਤਰੀਕ ਨੂੰ 15 ਦਸੰਬਰ ਤੱਕ ਵਧਾ ਸਕਦੀ ਹੈ। ਇਨ੍ਹਾਂ ਸੂਤਰਾਂ ਨੇ ਕਿਹਾ ਕਿ ਕੰਪਨੀ ਦੇ ਮੁੱਲ ਦੇ ਆਧਾਰ ’ਤੇ ਬੋਲੀ ਸੱਦੀ ਜਾਵੇਗੀ, ਜੋ ਐਕਵਾਇਰ ਸੌਦਿਆਂ ਲਈ ਇੱਕ ਦਿਲਕੱਸ਼ ਮੁਲਾਂਕਣ ਤਰੀਕਾ ਹੈ। ਉਦਮ ਮੁੱਲ (ਈ ਵੀ) ਕੰਪਨੀ ਦੀ ਕੁੱਲ ਕੀਮਤ ਦਾ ਮੁਲਾਂਕਣ ਕਰਨ ਦਾ ਤਰੀਕਾ ਹੈ, ਜਿਸ ਦੀ ਵਰਤੋਂ ਅਕਸਰ ਇੱਕਵਿਟੀ ਬਾਜ਼ਾਰ ਪੂੰਜੀਕਰਣ ਦੇ ਵੱਧ ਵਿਆਪਕ ਅਲਟਰਨੇਟਿਵ ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਈ ਵੀ ਦੀ ਗਿਣਤੀ ਵਿੱਚ ਕੰਪਨੀ ਦਾ ਬਾਜ਼ਾਰ ਪੂੰਜੀਕਰਣ ਸ਼ਾਮਲ ਹੁੰਦਾ ਹੈ ਪਰ ਨਾਲ ਇਸ ’ਚ ਛੋਟੀ ਜਾਂ ਲੰਮੀ ਮਿਆਦ ਦੇ ਕਿਸੇ ਕਰਜ਼ੇ ਦੇ ਨਾਲ ਕੰਪਨੀ ਦੇ ਵਹੀ ਖਾਤਿਆਂ ’ਚ ਨਕਦੀ ਨੂੰ ਸ਼ਾਮਲ ਕੀਤਾ ਜਾਂਦਾ ਹੈ। ਸੂਤਰਾਂ ਨੇ ਕਿਹਾ ਕਿ ਸਰਕਾਰ ਮੁੱਢਲੀ ਸੂਚਨਾ ਮੰਗ ਪੱਤਰ (ਪੀ ਆਈ ਐਮ) ਤੋਂ ਬੋਲੀਦਾਤਾ ਵੱਲੋਂ ਇੱਕ ਮਿਥੀ ਕਰਜ਼ਾ ਰਾਸ਼ੀ ਦੀ ਜ਼ਿੰਮੇਵਾਰੀ ਲੈਣ ਦੀ ਸ਼ਰਤ ਹਟਾ ਦੇਵੇਗੀ ਅਤੇ ਬੋਲੀ ਲਗਾਉਣ ਵਾਲਿਆਂ ਨੂੰ ਪੂਰੀ ਕੰਪਨੀ ਲਈ ਪੇਸ਼ਕਸ਼ ਕਰਦੇ ਹੋਏ ਕਿਹਾ ਜਾਵੇਗਾ, ਜਿਸ ਦੀ 85 ਫੀਸਦੀ ਰਾਸ਼ੀ ਕਰਜ਼ਾ ਚੁਕਾਉਣ ’ਚ ਚਲੀ ਜਾਵੇਗੀ ਅਤੇ ਬਾਕੀ ਰਾਸ਼ੀ ਸਰਕਾਰ ਨੂੰ ਮਿਲੇਗੀ।

# ਪਾਕਿ ਦੇ ਸਾਬਕਾ ਫੌਜੀ ਅਫਸਰ ਨੇ ਮੰਨਿਆ: 1947 ਵਿੱਚ ਹਮਲਾ ਪਾਕਿ ਫੌਜ ਨੇ ਕੀਤਾ ਸੀ

*** ਪੂਰੇ ਕਸ਼ਮੀਰ ਉੱਤੇਕਬਜ਼ਾ ਚਾਹੁੰਦਾ ਸੀ ਪਾਕਿਸਤਾਨ: ਅਕਬਰ**

ਇਸਲਾਮਾਬਾਦ, 20 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਇੱਕ ਸਾਬਕਾ ਫੌਜੀ ਅਧਿਕਾਰੀ ਨੇ ਆਪਣੇ ਦੇਸ਼ ਦੀ ਪੋਲ ਖੋਲ੍ਹ ਦਿੱਤੀ ਹੈ।ਸੇਵਾਮੁਕਤ ਮੇਜਰ ਜਨਰਲ ਅਕਬਰ ਖਾਨ ਨੇ 'ਰਾਈਡਰਸ ਇਨ ਕਸ਼ਮੀਰ' ਨਾਂਅ ਦੀ ਆਪਣੀ ਨਵੀਂ ਲਿਖੀ ਕਿਤਾਬ ਵਿੱਚ ਮੰਨਿਆ ਹੈ ਕਿ ਸੰਨ 1947 ਵਿੱਚ ਕਸ਼ਮੀਰ ਨੂੰ ਪਾਕਿਸਤਾਨ ਨਾਲ ਮਿਲਾਉਣ ਲਈ ਕਬਾਇਲੀਆਂ ਦੇ ਨਾਲ ਪਾਕਿਸਤਾਨੀ ਫੌਜ ਨੇ ਹਮਲਾ ਕੀਤਾ ਸੀ ਅਤੇ ਪਾਕਿਸਤਾਨ ਪੂਰੇ ਕਸ਼ਮੀਰ ਉੱਤੇਕਬਜ਼ਾ ਕਰਨਾ ਚਾਹੁੰਦਾ ਸੀ, ਪਰ ਭਰਾਤੀ ਫੌਜ ਦੇ ਉਥੇ ਆ ਜਾਣ ਨਾਲ ਉਸ ਦਾ ਸੁਫਨਾ ਪੂਰਾ ਨਹੀਂਸੀ ਹੋ ਸਕਿਆ।

ਵਰਨਣ ਯੋਗ ਹੈ ਕਿ ਸਾਲ 1947 ਵਿੱਚ ਕਸ਼ਮੀਰ ਵਿੱਚ ਹੋਈ ਜੰਗ ਵਿੱਚ ਅਕਬਰ ਖਾਨ ਨੇ ਪਾਕਿਸਤਾਨੀ ਫੌਜ ਲਈ ਵੱਡਾ ਯੋਗਦਾਨ ਦਿੱਤਾ ਸੀ ਅਤੇ ਉਹ ਵੰਡ ਦੇ ਸਮੇਂ ਬਣੀ ਆਰਮਡ ਫੋਰਸ ਪਾਰਟੀਸ਼ਨ ਸਬ ਕਮੇਟੀ ਵਿੱਚ ਵੀ ਸ਼ਾਮਲ ਸੀ। ਅਕਬਰ ਖਾਨ ਨੇ ਲਿਖਿਆ ਹੈ ਕਿ ਸਤੰਬਰ 1947 ਵਿੱਚ ਉਹ ਪਾਕਿਸਤਾਨੀ ਫੌਜ ਦੇ ਹੈਡਕੁਆਰਟਰ ਵਿੱਚ ਹਥਿਆਰਾਂ ਤੇ ਮਸ਼ੀਨਰੀ ਦੇ ਵਿਭਾਗ ਦਾ ਡਾਇਰੈਕਟਰ ਸੀ ਤਾਂ ਉਸ ਨੂੰ ਕਿਹਾ ਗਿਆ ਸੀ ਕਿ ਤਿਆਰੀ ਕਰੋ, ਅਸੀਂ ਕਸ਼ਮੀਰ ਉੱਤੇ ਕਬਜ਼ਾ ਕਰਨਾ ਹੈ। ਹਥਿਆਰਾਂ ਅਤੇ ਗੋਲਾ ਬਾਰੂਦ ਦੇ ਵਿਭਾਗ ਦਾ ਮੁਖੀ ਹੋਣ ਕਾਰਨਉਸ ਦੀ ਜ਼ਿੰਮੇਵਾਰੀ ਜੰਗ ਲਈ ਸਾਰੇ ਜ਼ਰੂਰੀ ਪ੍ਰਬੰਧ ਕਰਨ ਦੀ ਸੀ। ਉਸ ਦਾ ਕਹਿਣਾ




ਹੈ ਕਿ ਪਾਕਿਸਤਾਨ ਨੇ ਹਥਿਆਰਾਂ ਦੇ ਜ਼ੋਰ ਨਾਲ ਫੌਜ ਅਤੇ ਹੋਰ ਲੋਕਾਂ ਨੂੰ ਲੈ ਕੇ ਕਸ਼ਮੀਰ ਉੱਤੇ ਹਮਲਾ ਕਰਨਾ ਸੀ। ਸਰਕਾਰ ਦਾ ਹੁਕਮ ਮਿਲਣ ਪਿੱਛੋਂ ਇਟਲੀ ਤੋਂ ਹਥਿਆਰਾਂ ਤੇ ਗੋਲਾ ਬਾਰੂਦ ਦਾ ਪ੍ਰਬੰਧ ਕੀਤਾ ਗਿਆ ਤੇ ਉਹ ਕਸ਼ਮੀਰ ਵਿੱਚ ਮੌਜੂਦ ਪਾਕਿਸਤਾਨੀ ਏਜੰਟਾਂ ਨੂੰ ਭੇਜਿਆ ਗਿਆ। ਇਸ ਦਾ ਉਦੇਸ਼ ਇਹ ਸੀ ਕਿ ਜਦੋਂ ਪਾਕਿਸਤਾਨੀ ਫੌਜ ਅਤੇ ਕਬਾਇਲੀ ਲੜਾਕੇ ਕਸ਼ਮੀਰ ਉੱਤੇ ਹਮਲਾ ਕਰਨ ਤਾਂ ਕਸ਼ਮੀਰ ਦੇ ਅੰਦਰੂਨੀ ਹਿੱਸਿਆਂ ਵਿੱਚ ਪਾਕਿਸਤਾਨੀ ਏਜੰਟ ਉਥੇ ਹਿੰਸਾ ਫੈਲਾ ਦੇਣਗੇ। ਇਸ ਦੇ ਨਾਲ ਭਾਰਤ ਵਾਲੀ ਸੁਰੱਖਿਆ ਫੋਰਸਦੋ ਮੋਰਚਿਆਂ ਉੱਤੇਫਸ ਗਈ ਤਾ ਪਾਕਿਸਤਾਨ ਆਸਾਨੀ ਨਾਲ ਕਸ਼ਮੀਰ ਉੱਤੇ ਕਬਜ਼ਾ ਕਰ ਲਵੇਗਾ। ਇਸ ਨੂੰ ਆਪਰੇਸ਼ਨ ਗੁਲਮਰਗ ਦਾ ਨਾਂਅ ਦਿੱਤਾ ਗਿਆ ਸੀ, ਪਰ ਪਾਕਿਸਤਾਨ ਨੂੰ ਇਹ ਪਤਾ ਨਹੀਂ ਚੱਲ ਸਕਿਆ ਕਿ ਕਸ਼ਮੀਰ ਦੇ ਮਹਾਰਾਜਾ ਹਰੀ ਸਿੰਘ ਨੇ ਭਾਰਤ ਨਾਲ ਹੱਥ ਮਿਲਾ ਕੇ ਉਥੋਂ ਮਦਦ ਮੰਗੀ ਹੈ। ਪਾਕਿਸਤਾਨ ਦਾ ਹਮਲਾ ਹੋਣ ਦੇ ਕੁਝ ਘੰਟਿਆਂ ਪਿੱਛੋਂ ਉਥੇ ਭਾਰਤੀ ਫੌਜ ਪੁੱਜ ਗਈ ਅਤੇ ਇਸ ਪਿੱਛੋਂ ਜੰਗ ਦੀ ਸਾਰੀ ਤਸਵੀਰ ਬਦਲ ਗਈ ਸੀ।

# ਵਿਰੋਧੀ ਧਿਰ ਨੇ ਇਮਰਾਨ ਖਾਨ ਨੂੰ ਅਯੋਗ ਅਤੇ ਅਗਿਆਨੀ ਸ਼ਾਸਕ ਕਰਾਰ ਦਿੱਤਾ

*** ਪਾਕਿਸਤਾਨ ਸਰਕਾਰ ਦੇ ਖਿਲਾਫ ਦੂਸਰੀ ਵੱਡੀ ਰੈਲੀ**

ਕਰਾਚੀ, 20 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ 11 ਵਿਰੋਧੀ ਪਾਰਟੀਆਂ ਦੇ ਸਾਂਝੇ ਗਠਜੋੜ ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ (ਪੀ ਡੀ ਐਮ) ਨੇ ਸਰਕਾਰ ਦੇ ਖਿਲਾਫ ਕਰਾਚੀ ਵਿੱਚ ਦੂਜੀ ਵੱਡੀ ਰੈਲੀ ਕੀਤੀ ਹੈ।

ਕਰਾਚੀ ਦੇ ਬਾਗ-ਏ-ਜਿੱਨਾਹ ਵਿੱਚ ਐਤਵਾਰ ਨੂੰ ਕੀਤੀ ਰੈਲੀ ਵਿੱਚ ਬੁਲ-ਾਰਿਆਂ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਲੋਕਾਂ ਨੂੰ ਸਰਕਾਰ ਵਿਰੋਧੀ ਲਹਿਰ ਤੇਜ਼ ਕਰਨ ਦਾ ਸੱਦਾ ਦਿੱਤਾ ਗਿਆ। ਸਰਕਾਰ ਵਿਰੋਧੀ ਗਠਜੋੜ ਨੇ 16 ਅਕਤੂਬਰ ਨੂੰ ਗੁੱਜਰਾਂਵਾਲਾ ਵਿੱਚ ਪਹਿਲੀ ਰੈਲੀ ਕੀਤੀ ਸੀ ਤੇ ਕਰਾਚੀ ਦੀ ਰੈਲੀ ਦੇ ਬਾਅਦ ਤੀਜੀ ਰੈਲੀ 25



ਅਕਤੂਬਰ ਨੂੰ ਹੋਵੇਗੀ। ਕਰਾਚੀ ਦੀ ਰੈਲੀ ਨੂੰ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ-ਐਨ) ਦੀ ਉਪ ਪ੍ਰਧਾਨ ਮਰੀਅਮ ਨਵਾਜ਼, ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਚੇਅਰਮੈਨ ਬਿਲਾਵਲ ਭੁੱਟੋ-ਜ਼ਰਦਾਰੀ, ਜਮਾਤ ਉਲੇਮਾ-ਏ-ਇਸਲਾਮ-ਫਜ਼ਲ ਦੇ ਮੁਖੀ ਮੌਲਾਨਾ ਫਜ਼ਲ-ਉਰ ਰਹਿਮਾਨ ਨੇ ਵੀ ਸੰਬੋਧਨ ਕੀਤਾ। ਇਨ੍ਹਾਂ ਸਾਰੇ ਲੀਡਰਾਂ ਨੇ ਪ੍ਰਧਾਨ ਮੰਤਰੀ ਇਮਰਾਨਬਾਰੇ ਕਿਹਾ ਕਿ ਉਹ ਅਯੋਗ ਅਤੇ ਅਗਿਆਨੀ ਹੈ ਤੇ ਉਸ ਦਾ ਤਾਨਾਸ਼ਾਹੀ ਸ਼ਾਸਨ ਵੀ ਬੇਕਾਰ ਹੈ। ਉਨ੍ਹਾਂ ਕਿਹਾ ਕਿ ਖਰਾਬ ਸ਼ਾਸਨ ਕਰ ਕੇ ਆਰਥਿਕਤਾ ਬਰਬਾਦ ਹੋਣ ਕਾਰਨ ਲੋਕ ਔਖਿਆਈ ਝੱਲ ਰਹੇ ਹਨ।

ਬਿਲਾਵਲ ਭੁੱਟੋ ਨੇ ਕਿਹਾ, 'ਅਸੀਂ ਦੇਸ਼ ਦੇ ਕਠਪੁਤਲੀ ਸ਼ਾਸਕਾਂ ਵੱਲੋਂ ਕੈਦ ਕੀਤੇ ਜਾਣ ਦੀਆਂ ਧਮਕੀਆਂ ਤੋਂਨਹੀਂ ਡਰਦੇ।' ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਵੱਡੇ-ਵੱਡੇ ਤਾਨਾਸ਼ਾਹ ਨਹੀਂ ਟਿਕੇ ਤਾਂ ਇਹ 'ਕਠਪੁਤਲੀ ਸਰਕਾਰ' ਕਿਵੇਂ ਟਿਕ ਸਕੇਗੀ। ਸਾਡੀ ਇਹ ਲੜਾਈ ਫੈਸਲਾਕੁੰਨ ਸਿੱਧ ਹੋਵੇਗੀ।'

ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਦੀ ਮਰੀਅਮ ਨਵਾਜ਼ ਨੇ ਤਹਿਰੀਕ ਏ ਇਨਸਾਫ ਪਾਰਟੀ ਦੀ ਸਰਕਾਰ ਵੱਲੋਂ ਵਿਰੋਧੀ ਨੇਤਾਵਾਂ ਨੂੰ ਗੱਦਾਰ ਕਹੇ ਜਾਣ ਦੀ ਨਿਖੇਧੀ ਕੀਤੀ ਅਤੇ ਕਿਹਾ, 'ਸਰਕਾਰ ਤੋਂ ਜਵਾਬ ਮੰਗੇ ਹਨ ਤਾਂ ਤੁਸੀਂ ਸਾਨੂੰ ਗੱਦਾਰ ਕਹਿ ਰਹੇ ਹੋ।' ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਮੋਢੀ ਮੁਹੰਮਦਅਲੀ ਜਿੱਨਾਹ ਦੀ ਭੈਣ ਫਾਤਿਮਾ ਜਿੱਨਾਹ ਨੂੰ ਵੀ ਗੱਦਾਰ ਕਿਹਾ ਗਿਆ ਹੈ।' ਵਰਨਣ ਯੋਗ ਹੈ ਕਿ ਕਰਾਚੀ ਵਿੱਚ ਐਤਵਾਰ ਨੂੰ ਹੋਈ ਇਹ ਰੈਲੀ 18 ਅਕਤਬੂਰ 2007 ਦੇ ਹਮਲੇ ਨੂੰ ਸਮਰਪਿਤ ਕੀਤੀ ਗਈ, ਜਿਸ ਵਿੱਚ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ (ਮਰਹੂਮ) ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਧਮਾਕੇ ਵਿੱਚ 200 ਤੋਂ ਵੱਧ ਲੋਕ ਮਾਰੇ ਗਏ ਸਨ।

ਪਾਕਿਸਤਾਨ ਤਹਿਰੀਕ ਏ ਇਨਸਾਫ ਦੇ ਮੰਤਰੀ ਅਲੀ ਜ਼ੈਦੀ ਨੇ ਮਰੀਅਮ ਦੇ ਦਾਅਵੇ ਰੱਦ ਕਰਦਿਆਂ ਕਿਹਾ ਕਿ ਉਹ ਝੂਠ ਬੋਲਦੀ ਹੈ। ਉਸ ਦੇ ਪਤੀ ਸਫਦਰ ਨੇ ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ ਦੀ ਦੂਜੀ ਰੈਲੀ ਤੋਂ ਪਹਿਲਾਂ ਮੁਹੰਮਦ ਅਲੀ ਜਿੱਨਾਹ ਦੀ ਸਮਾਧ ਉੱਤੇ ਨਾਅਰੇਬਾਜ਼ੀ ਕੀਤੀ ਸੀ। ਡਾਨ ਨਿਊਜ਼ ਦੇ ਮੁਤਾਬਕ ਕਾਇਦੇ ਆਜ਼ਮ ਦੀ ਸਮਾਧ ਉੱਤੇ ਮਰਿਆਦਾ ਭੰਗ ਕਰਨ ਦੇ ਦੋਸ਼ ਹੇਠ ਮਰੀਅਮ, ਉਸ ਦੇ ਪਤੀ ਸਫਦਰ ਅਤੇ 200 ਹੋਰਾਂ ਉੱਤੇ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਵਕਾਸ ਅਹਿਮਦ ਨੇ ਸਫਦਰ ਉੱਤੇ ਸਰਕਾਰੀ ਜਾਇਦਾਦ ਦੇ ਨੁਕਸਾਨ ਦਾ ਦੋਸ਼ ਲਾਇਆ ਹੈ।






**ਦਿ ਡਿਪਲੋਮੈਟ ਦਾ ਦਾਅਵਾ:**

## ਚੀਨ ਨਾਲ ਸੰਘਰਸ਼ ਅਤੇ ਤਣਾਅ ਦੌਰਾਨ ਭਾਰਤ ਤੇ ਤਾਈਵਾਨ ਨੇੜੇ ਹੋਣ ਲੱਗੇ

ਵਾਸ਼ਿੰਗਟਨ, 20 ਅਕਤੂਬਰ (ਪੋਸਟ ਬਿਊਰੋ)- ਚੀਨ ਦਾ ਭਾਰਤ ਤੇ ਤਾਈਵਾਨ ਦੋਵਾਂ ਨਾਲ ਫਿਲਹਾਲ ਤਣਾਅ ਜਾਰੀ ਹੈ ਅਤੇ ਉਸ ਨੇ ਦੱਖਣ-ਪੂਰਬੀ ਤਟ ਵਿੱਚ ਪੀਪੁਲਸ ਲਿਬਰੇਸ਼ਨ ਆਰਮੀ ਦੀ ਤੈਨਾਤੀ ਵਧਾ ਦਿੱਤੀ ਹੈ। ਇਸ ਦੌਰਾਨ ਚੀਨ ਨੇ ਕਿਹਾ ਹੈ ਕਿ ਤਾਈਵਾਨ ਦੇ ਸੰਭਾਵਤ ਫੌਜੀ ਹਮਲੇ ਲਈ ਉਹ ਪੂਰੀ ਤਰ੍ਹਾਂ ਤਿਆਰ ਹੈ।

ਇੱਕ ਪਾਸੇ ਜਦੋਂ ਚੀਨ ਅਤੇ ਤਾਈਵਾਨ ਵਿਚਾਲੇ ਸੰਘਰਸ਼ ਤੇ ਤਣਾਅ ਜਾਰੀ ਹੈ, ਦੂਸਰੇ ਪਾਸੇ ਤਾਈਵਾਨ ਤੇ ਭਾਰਤ ਇੱਕ ਦੂਸਰੇ ਦੇ ਨੇੜੇ ਆ ਰਹੇ ਹਨ।ਦ ਡਿਪਲੋਮੈਟ ਦੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਤਾਈਵਾਨ ਤੇ ਭਾਰਤ ਵਿਚਾਲੇ ਕੋਈ ਰਸਮੀ ਡਿਪਲੋਮੈਟਿਕ ਸੰਬੰਧ ਨਹੀਂ ਹਨ, ਪਰ ਦੋਵਾਂ ਦੇਸ਼ਾਂ ਦੇ ਲੋਕਾਂ ਨੇ ਚੀਨੀ ਹਮਲਾ ਝੱਲਿਆ ਹੋਇਆ ਹੋਣ ਕਰ ਕੇ ਨੇੜਤਾ ਦਾ ਰਾਹ ਨਿਕਲ ਰਿਹਾ ਹੈ। ਭਾਰਤ ਤੇ ਚੀਨ ਦਾ ਇਸ ਵਕਤ ਸਰਹੱਦੀ ਵਿਵਾਦ ਚੱਲ ਰਿਹਾ ਹੈ। ਇਸ ਮੌਕੇ ਭਾਰਤ ਦੇ ਲੋਕ ਤਾਈਵਾਨ ਅਤੇ ਹਾਂਗਕਾਂਗ ਦੇ ਲੋਕਾਂ ਦਾ ਸਮਰਥਨ ਕਰ ਰਹੇ ਹਨ। ਤਾਈਵਾਨ ਦੇ ਕੌਮੀ ਦਿਵਸ ਤੋਂ ਪਹਿਲਾਂ ਭਾਰਤ ਵਿੱਚ ਚੀਨੀ ਦੂਤਘਰ ਨੇ ਭਾਰਤੀ ਮੀਡੀਆ ਨੂੰ ਸੰਦੇਸ਼ ਭੇਜੇ ਕਿ ਤਾਈਵਾਨ ਨੂੰ ਕਿਵੇਂ ਪੇਸ਼ ਕੀਤਾ ਜਾਏ। ਇਸ ਨਾਲ ਭਾਰਤ ਅਤੇ ਤਾਈਵਾਨ ਦੋਵੇਂ ਦੇਸ਼ ਨਾਰਾਜ਼ ਹੋ ਗਏ ਅਤੇ ਦੋਵਾਂ ਦੇਸ਼ਾਂ ਵਿੱਚ ਤਾਈਵਾਨ ਦੇ ਕੌਮੀ ਦਿਵਸ ਅਤੇ ਤਾਈਵਾਨ-ਭਾਰਤ ਸੰਬੰਧਾਂ ਦੀ ਕਵਰੇਜ ਨਾਲ ਚੀਨ ਵਿੱਚ ਤਰਥੱਲੀ ਪੈਦਾ ਕਰ ਦਿੱਤੀ। ਭਾਰਤ ਵਿੱਚ ਤਾਈਵਾਨ ਦਾ ਕੌਮੀ ਦਿਵਸ 10 ਅਕਤੂਬਰ ਨੂੰ ਪੂਰੇ ਦਿਨ ਟਵਿੱਟਰ ਉੱਤੇ ਟ੍ਰੈਂਡ ਕਰਦਾ ਰਿਹਾ ਅਤੇ ਇੰਟਰਨੈਟ ਯੂਜ਼ਰਸ ਨੇ ਪੱਤਰਕਾਰਾਂ ਤੇ ਰਾਜਨੇਤਾਵਾਂ ਦੇ ਨਾਲ ਮਿਲ ਕੇ ਤਾਈਵਾਨ ਨੂੰ ਸ਼ੁਭਕਾਮਨਾਵਾਂ ਵੀ ਬਹੁਤ ਸਾਰੀਆਂ ਦਿੱਤੀਆਂ।

## ਜਿੱਨਾਹ ਦੇ ਅਪਮਾਨ ਦੇ ਦੋਸ਼ ਹੇਠ ਪਾਕਿ ਵਿੱਚ ਵਿਰੋਧੀ ਪਾਰਟੀਆਂ ਦੇ ਖਿਲਾਫ ਐਕਸ਼ਨ ਸ਼ੁਰੂ

ਇਸਲਾਮਾਬਾਦ, 20 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਪੁਲਸ ਨੇ ਦੇਸ਼ ਦੇ ਮੋਢੀ ਮੁਹੰਮਦ ਅਲੀ ਜਿੱਨਾਹ ਦੀ ਕਬਰ ਦੇ ਅਪਮਾਨ ਦੇ ਦੋਸ਼ ਵਿੱਚ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਧੀ ਮਰੀਅਮ ਸਮੇਤ 200 ਲੋਕਾਂ ਉੱਤੇ ਕੇਸ ਦਰਜ ਕੀਤਾ ਅਤੇ ਨਵਾਜ਼ ਸ਼ਰੀਫ ਦੇ ਜਵਾਈ ਕੈਪਟਨਮੁਹੰਮਦ ਸਫਦਰ ਨੂੰ ਗ੍ਰਿਫਤਾਰ ਕਰ ਲਿਆ ਹੈ।

ਇਸ ਸੰਬੰਧ ਵਿੱਚ ਦਰਜ ਕੀਤੀ ਸ਼ਿਕਾਇਤ ਵਿੱਚ ਲਿਖਿਆ ਹੈ ਕਿ ਇਨ੍ਹਾਂ ਲੋਕਾਂ ਨੇ ਜਿੱਨਾਹ ਦੀ ਕਬਰ ਨਾਲ ਜੁੜੀ ਸਰਕਾਰੀ ਜਾਇਦਾਦ ਨੂੰ ਨੁਕਸਾਨ ਪੰਚਾਇਆ ਹੈ।ਮਰੀਅਮ ਨੇ ਦੱਸਿਆ, 'ਸਥਾਨਕ ਪੁਲਸ ਕਰਾਚੀ ਵਿੱਚ ਮੇਰੇ ਹੋਟਲ ਦੇ ਕਮਰੇ ਵਿੱਚ ਆਈ ਅਤੇ ਮੇਰੇ ਪਤੀ ਸਫਦਰ ਨੂੰ ਗ੍ਰਿਫਤਾਰ ਕਰ ਲਿਆ।' ਇਹ ਮੁਕੱਦਮਾ ਵੱਕਾਸ ਅਹਿਮਦ ਖਾਨ ਨਾਂਅ ਦੇ ਸਥਾਨਕ ਵਿਅਕਤੀ ਦੀ ਸ਼ਿਕਾਇਤ ਉੱਤੇ ਦਰਜ ਕੀਤਾ ਗਿਆ ਹੈ।



ਇਸ ਦੌਰਾਨ ਕਰਾਚੀ ਵਿੱਚ ਸਰਕਾਰ ਵਿਰੋਧੀ ਮੋਰਚੇ (ਪੀ ਡੀ ਐਮ) ਦੇ ਜਲਸੇ ਵਿੱਚ ਇੱਕ ਹਿੰਦੂ ਪੱਤਰਕਾਰ ਨੂੰ ਕੁੱਟਿਆ ਗਿਆ ਹੈ। ਪਤਾ ਲੱਗਾ ਹੈ ਕਿ ਸਰਕਾਰ ਵਿਰੋਧੀ ਵਾਲੰਟੀਅਰਾਂ ਨੇ ਇੱਕ ਹਿੰਦੂ ਪੱਤਰਕਾਰ ਨੂੰ ਕੁੱਟਿਆ ਹੈ। ਸਮਾ ਟੀ ਵੀ ਅਨੁਸਾਰ ਪੱਤਰਕਾਰ ਸੰਜੇ ਸਾਧਵਾਨੀ ਨੂੰ ਰਿਪੋਰਟਿੰਗ ਬੰਦ ਕਰਨ ਨੂੰ ਕਿਹਾ ਗਿਆ ਸੀ। ਸਿੰਧ ਦੇ ਮੁੱਖ ਮੰਤਰੀ ਮੁਰਾਦ ਅਲੀ ਸ਼ਾਹ ਨੇ ਸਮਾ ਟੀ ਵੀ ਨੂੰ ਕਿਹਾ ਕਿ ਦੋਸ਼ੀਆਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਏਗੀ।

